## ਰੋਕ ਕੇ ਤਲਾਸ਼ੀ ਲੈਣਾ (Stop and Search)

ਰੋਕ ਕੇ ਤਲਾਸ਼ੀ ਲੈਣ ਦੀਆਂ ਸ਼ਕਤੀਆਂ ਮਿਲਣ ਨਾਲ ਪੁਲਿਸ ਨੂੰ ਗਲੀਆਂ ਵਿਚ ਹੋਣ ਵਾਲੇ ਜੁਰਮ ਅਤੇ ਸਮਾਜ-ਵਿਰੋਧੀ ਵਤੀਰੇ 'ਤੇ ਕਾਬੂ ਪਾਉਣ ਅਤੇ ਵੱਧ ਗੰਭੀਰ ਜੁਰਮਾਂ ਨੂੰ ਰੋਕਣ ਵਿਚ ਮਦਦ ਮਿਲਦੀ ਹੈ।

ਹੋਰ ਜਾਣਕਾਰੀ ਲੈਣ ਲਈ ਅਤੇ ਇਹ ਪਤਾ ਕਰਨ ਲਈ ਕਿ ਜੇ ਪੁਲਿਸ ਤੁਹਾਨੂੰ ਰੋਕੇ ਤਾਂ ਤੁਹਾਡੇ ਹੱਕ ਕੀ ਹਨ, ਤੁਸੀਂ ਹੇਠਾਂ ਦਿੱਤੇ ਲਿੰਕ ਕੇ ਕਲਿੱਕ ਕਰਕੇ ਐਸੋਸੀਏਸ਼ਨ ਆੱਫ਼ ਪੁਲਿਸ ਅਥਾਰਿਟੀਜ਼ ਦੀ ਵੈੱਬਸਾਈਟ 'ਤੇ ਜਾਓ।

## ਨਫ਼ਰਤ ਕਾਰਣ ਹੋਣ ਵਾਲਾ ਜੁਰਮ (Hate Crime)

ਨਫ਼ਰਤ ਕਾਰਣ ਹੋਣ ਵਾਲੇ ਜੁਰਮ ਨੂੰ ਨੱਥ ਪਾਓ - ਇਹਦੀ ਰਿਪੋਰਟ ਕਰੋ!

ਲੋਕਾਂ ਨੂੰ ਉਹਨਾਂ ਦੀ ਨਸਲ, ਰੰਗ, ਧਰਮ, ਨਿਰਯੋਗਤਾ, ਜਿਨਸੀ ਝੁਕਾਓ ਜਾਂ ਉਮਰ ਕਾਰਣ ਪਰੇਸ਼ਾਨ ਕੀਤੇ ਜਾਣ ਕਰਕੇ ਜ਼ਿੰਦਗੀਆਂ ਤਬਾਹ ਹੋ ਸਕਦੀਆਂ ਹਨ।

ਜੇ ਨਫ਼ਰਤ ਕਾਰਣ ਹੋਣ ਵਾਲਾ ਕੋਈ ਜੁਰਮ ਤੁਹਾਡੇ ਨਾਲ ਵਾਪਰਿਆ ਹੈ, ਤਾਂ ਤੁਸੀਂ ਗੁਪਤ ਢੰਗ ਨਾਲ ਇਹਦੀ ਰਿਪੋਰਟ ਕਰੋ।

ਆਪਸ ਵਿਚ ਮਿਲ ਕੇ, ਅਸੀਂ ਜੁਰਮ ਅਤੇ ਪਰੇਸ਼ਾਨ ਕੀਤੇ ਜਾਣ ਦੀਆਂ ਘਟਨਾਵਾਂ ਨਾਲ ਚੰਗੀ ਤਰ੍ਹਾਂ ਨਿਪਟ ਸਕਦੇ ਹਾਂ।

ਜੇ ਨਫ਼ਰਤ ਕਾਰਣ ਹੋਣ ਵਾਲਾ ਕੋਈ ਜੁਰਮ ਤੁਹਾਡੇ ਨਾਲ ਵਾਪਰਿਆ ਹੈ, ਜਾਂ ਤੁਸੀਂ ਕਿਸੇ ਹੋਰ ਨਾਲ ਵਾਪਰਦਾ ਦੇਖਿਆ ਹੈ, ਤਾਂ ਤੁਸੀਂ ਕੈਂਬ੍ਰਿਜਸ਼ਾਇਰ ਕਾਂਸਟੈਬਿਊਲਰੀ ਨੂੰ ਨੰਬਰ 0845 456 456 4 'ਤੇ ਫ਼ੋਨ ਕਰਕੇ ਦੱਸੋ ਕਿ ਤੁਸੀਂ ਨਫ਼ਰਤ ਕਾਰਣ ਹੋਣ ਵਾਲੇ ਜੁਰਮ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਜਾਂ ਤੁਸੀਂ ਇਸ ਵੈੱਬਸਾਈਟ 'ਤੇ ਜਾਓ - www.report-it.org.uk